**Human Early Learning Partnership (HELP)**
*University of British Columbia*
440-2206 East Mall Vancouver
BC Canada V6T 1Z3
www.earlylearning.ubc.ca

SCHOOL BOARD OR LOCAL SPONSORING AGENCY LETTERHEAD

## ਮੁੱਢਲਾ ਬਾਲ ਵਿਕਾਸ ਖੋਜ ਪ੍ਰੋਗਰਾਮ: Early Development Instrument (EDI)
## ਮਾਤਾ/ਪਿਤਾ/ਨਿਗਰਾਨ ਲਈ ਸੂਚਿਤ ਨਿਸ਼ਕ੍ਰਿਆ ਸਹਿਮਤੀ ਪੱਤਰ

**ਮੁੱਖ ਪੜਤਾਲ ਕਰਤਾ:** ਡਾ. ਮਾਰਿਆਨਾ ਬਰੁਸੋਨੀ (Dr. Mariana Brussoni), mbrussoni@bcchr.ubc.ca, Human Early Learning Partnership (HELP), University of British Columbia (UBC)
**ਸਹਿ-ਪੜਤਾਲਕਰਤਾ:** ਡਾ. ਬੈਰੀ ਫੋਰਰ (Dr. Barry Forer), HELP, UBC
**ਸਹਿ-ਪੜਤਾਲਕਰਤਾ:** ਡਾ. ਮਾਰਟਿਨ ਗੁਹਨ (Dr. Martin Guhn), HELP, UBC
**ਪ੍ਰੋਜੈਕਟ ਸੰਪਰਕ:** ਮੇਲਾਨੀ ਹੀਂਟਜ਼ (Marit Gilbert), edi@help.ubc.ca, (604) 827-5504

ਪਿਆਰੇ ਮਾਤਾ-ਪਿਤਾ/ਨਿਗਰਾਨ ਜੀ,

ਫਰਵਰੀ 2021 ਵਿੱਚ ਤੁਹਾਡੇ ਬੱਚੇ ਦੇ ਸਕੂਲ ਦੇ ਕਿੰਡਰਗਾਰਟਨ ਟੀਚਰ ਆਪਣੇ ਹਰ ਵਿਦਿਆਰਥੀ ਲਈ **Early Years Development Instrument (EDI)** ਉਸਦੇ ਕਲਾਸਰੂਮ ਵਿੱਚ ਭਰਨਗੇ। ਇਸ EDI ਵਿੱਚ ਬੱਚਿਆਂ ਦੇ ਸਮਾਜਕ ਅਤੇ ਭਾਵਨਾਤਮਕ ਵਿਕਾਸ, ਸਿਹਤ ਅਤੇ ਖੈਰੀਅਤ, ਭਾਸ਼ਾ ਅਤੇ ਬੋਧ ਦੇ ਵਿਕਾਸ ਅਤੇ ਗੱਲਬਾਤ ਕਰਨ ਦੀਆਂ ਮੁਹਾਰਤਾਂ ਬਾਰੇ ਸਵਾਲ ਹੁੰਦੇ ਹਨ। ਬ੍ਰਿਟਿਸ਼ ਕੋਲੰਬੀਆ (BC) ਦੀ ਸਰਕਾਰ ਪਿਛਲੇ 20 ਸਾਲਾਂ ਤੋਂ ਵੱਧ ਸਮੇਂ ਤੋਂ EDI ਨੂੰ ਇਕੱਤਰ ਅਤੇ ਵਰਤੋਂ ਕਰਨ ਲਈ ਵਿੱਤੀ ਸਹਾਇਤਾ ਦਿੰਦੀ ਆ ਰਹੀ ਹੈ।

### ਸੰਖੇਪ ਵਿੱਚ

- ਜੇ ਤੁਸੀਂ ਆਪਣੇ ਬੱਚੇ ਨੂੰ EDI ਤੋਂ ਬਾਹਰ ਰੱਖਣ ਦੀ ਬੇਨਤੀ ਨਹੀਂ ਕਰਦੇ ਤਾਂ ਫਰਵਰੀ ਵਿੱਚ ਤੁਹਾਡੇ ਬੱਚੇ ਦਾ(ਦੀ) ਕਿੰਡਰਗਾਰਟਨ ਟੀਚਰ ਆਪਣੇ ਹਰ ਵਿਦਿਆਰਥੀ ਲਈ EDI ਭਰੇਗਾ(ਗੀ);
- ਇਲਾਕੇ ਜਾਂ ਸਕੂਲ ਡਿਸਟ੍ਰਿਕਟ ਵਰਗੇ ਇੱਕ ਸਮੂਹ ਦੇ ਪੱਧਰ 'ਤੇ ਬੱਚਿਆਂ ਦੇ ਵਿਕਾਸ ਵਿੱਚ ਆਮ ਝੁਕਾਵਾਂ ਨੂੰ ਸਮਝਣ ਵਿੱਚ EDI ਸਾਡੀ ਮਦਦ ਕਰਦਾ ਹੈ;
- EDI ਸਵਾਲਨਾਮਾ ਅਤੇ ਹੋਰ ਜਾਣਕਾਰੀ ਇੱਥੇ ਉਪਲਬਧ ਹਨ: https://earlylearning.ubc.ca/monitoring-system/edi/parent-caregiver-info/

## ਇਸ ਪ੍ਰੋਜੈਕਟ ਦਾ ਉਦੇਸ਼ ਕੀ ਹੈ

ਇਸ ਪ੍ਰੋਜੈਕਟ ਦਾ ਉਦੇਸ਼ ਪੂਰੇ B.C. ਵਿੱਚ ਅਤੇ ਸਮੇਂ ਦੇ ਨਾਲ ਬੱਚਿਆਂ ਦੇ ਵਿਕਾਸ ਉੱਪਰ ਪੈਣ ਵਾਲੇ ਪ੍ਰਭਾਵਾਂ ਦੀ ਸਮਝ ਨੂੰ ਬਿਹਤਰ ਬਣਾਉਣਾ ਹੈ। EDI ਤੋਂ ਮਿਲੀ ਜਾਣਕਾਰੀ ਬੱਚਿਆਂ ਅਤੇ ਮਾਪਿਆਂ ਲਈ ਪ੍ਰੋਗਰਾਮਾਂ ਅਤੇ ਸਹਾਇਤਾ ਦੀ ਯੋਜਨਾਬੰਦੀ ਕਰਨ ਵਿੱਚ ਸਕੂਲਾਂ, ਸਿਹਤ ਪੇਸ਼ੇਵਰਾਂ, ਮੁੱਢਲੇ ਵਰ੍ਹਿਆਂ ਵਿੱਚ ਸੇਵਾ ਪ੍ਰਦਾਤਿਆਂ, ਕਮਿਊਨਿਟੀ ਮੈਂਬਰਾਂ ਅਤੇ ਸਰਕਾਰਾਂ ਲਈ ਬਹੁਤ ਮਹੱਤਵਪੂਰਨ ਸਿੱਧ ਹੋਈ ਹੈ।

### ਕੀ ਹੋਵੇਗਾ?

EDI ਸਵਾਲਨਾਮੇ ਨੂੰ ਭਰਨ ਤੋਂ ਪਹਿਲਾਂ ਟੀਚਰਾਂ ਨੂੰ ਸਿਖਾਇਆ ਜਾਏਗਾ ਕਿ EDI ਨੂੰ ਕਿਵੇਂ ਭਰਨਾ ਹੈ। ਟੀਚਰ ਵਿਕਾਸ ਦੇ ਪੰਜ ਖੇਤਰਾਂ ਬਾਰੇ ਸਵਾਲਾਂ ਦੇ ਜਵਾਬ ਦਿੰਦੇ ਹਨ: 1) ਸਰੀਰਕ ਸਿਹਤ ਅਤੇ ਖੈਰੀਅਤ; 2) ਸਮਾਜਕ ਯੋਗਤਾ; 3) ਭਾਵਨਾਤਮਕ ਪੁਖਤਗੀ; 4) ਭਾਸ਼ਾ ਅਤੇ ਬੋਧਕ ਵਿਕਾਸ; ਅਤੇ 5) ਆਮ ਗਿਆਨ ਅਤੇ ਗੱਲਬਾਤ ਵਿੱਚ ਕੁਸ਼ਲਤਾ। EDI ਸਵਾਲਨਾਮਾ ਭਰਨ ਵਿੱਚ ਤੁਹਾਡਾ ਬੱਚਾ ਸਿੱਧੇ ਤੌਰ ‘ਤੇ ਹਿੱਸਾ ਨਹੀਂ ਲੈਂਦਾ।

### ਹਿੱਸਾ ਲੈਣਾ ਤੁਹਾਡੀ ਆਪਣੀ ਮਰਜ਼ੀ ‘ਤੇ ਨਿਰਭਰ ਕਰਦਾ ਹੈ

EDI ਪ੍ਰੋਜੈਕਟ ਵਿੱਚ ਹਿੱਸਾ ਲੈਣਾ ਤੁਹਾਡੀ ਆਪਣੀ ਮਰਜ਼ੀ 'ਤੇ ਨਿਰਭਰ ਕਰਦਾ ਹੈ। ਜੇ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡੇ ਬੱਚੇ ਦਾ/ਦੀ ਟੀਚਰ ਤੁਹਾਡੇ ਬੱਚੇ ਲਈ EDI ਨੂੰ ਭਰੇ ਤਾਂ ਕਿਰਪਾ ਕਰਕੇ ਇਸ ਪੱਤਰ ਦੇ ਮਿਲਣ ਦੇ 4 ਹਫ਼ਤਿਆਂ ਦੇ ਅੰਦਰ ਇਸ ਪੱਤਰ ਨਾਲ ਨੱਥੀ ਫਾਰਮ ਨੂੰ ਭਰ ਕੇ ਆਪਣੇ ਬੱਚੇ ਦੇ/ਦੀ ਟੀਚਰ ਜਾਂ ਪ੍ਰਿੰਸੀਪਲ ਕੋਲ ਵਾਪਸ ਭੇਜ ਦਿਓ। ਆਪਣੇ ਬੱਚੇ ਨੂੰ ਪ੍ਰੋਜੈਕਟ ਤੋਂ ਬਾਹਰ ਰੱਖਣ ਲਈ ਤੁਸੀਂ EDI ਪ੍ਰੋਜੈਕਟ ਦੀ ਟੀਮ ਨੂੰ HELP (edi@help.ubc.ca) ਦੇ ਪਤੇ 'ਤੇ ਈਮੇਲ ਵੀ ਭੇਜ ਸਕਦੇ ਹੋ। ਜੇ ਡੈਟਾ ਇੱਕ ਵਾਰੀ ਰਿਪੋਰਟਾਂ ਵਿੱਚ ਸ਼ਾਮਲ ਹੋ ਜਾਂਦਾ ਹੈ ਤਾਂ ਉਸਨੂੰ ਵਾਪਸ ਨਹੀਂ ਲਿਆ ਜਾ ਸਕਦਾ। EDI ਵਿੱਚ ਹਿੱਸਾ ਲੈਣ ਜਾਂ ਨਾ ਲੈਣ ਦਾ ਤੁਹਾਡੇ ਬੱਚੇ ਦੇ ਗਰੇਡਾਂ ਉੱਪਰ ਕੋਈ ਅਸਰ ਨਹੀਂ ਪਵੇਗਾ। ਤੁਹਾਡੇ ਪਰਿਵਾਰ ਨੂੰ ਸਕੂਲ ਵੱਲੋਂ ਜਾਂ ਸਕੂਲ ਡਿਸਟ੍ਰਿਕਟ ਵੱਲੋਂ ਮਿਲਣ ਵਾਲੀਆਂ ਸੇਵਾਵਾਂ ਉੱਪਰ ਵੀ ਇਸ ਦਾ ਕੋਈ ਅਸਰ ਨਹੀਂ ਪਵੇਗਾ।

## ਮੇਰੇ ਬੱਚੇ ਦੇ ਡੈਟਾ ਨੂੰ ਕਿਵੇਂ ਸੁਰੱਖਿਅਤ ਅਤੇ ਸਟੋਰ ਕੀਤਾ ਅਤੇ ਵਰਤਿਆ ਜਾਂਦਾ ਹੈ?

ਟੀਚਰ ਵੱਲੋਂ ਦਿੱਤੇ ਗਏ EDI ਦੇ ਸਵਾਲਾਂ ਦੇ ਜਵਾਬ **ਨਿੱਜੀ ਅਤੇ ਗੁਪਤ** ਹਨ। EDI ਸਵਾਲਨਾਮੇ ਵਿੱਚੋਂ ਕੋਈ ਵੀ ਜਾਣਕਾਰੀ ਤੁਹਾਡੇ ਬੱਚੇ ਦੇ ਸਕੂਲ ਰਿਕਾਰਡ ਵਿੱਚ ਜੋੜੀ ਨਹੀਂ ਜਾਂਦੀ। ਖੋਜ ਸਬੰਧੀ ਪ੍ਰਕਾਸ਼ਨਾਂ ਜਾਂ ਸਰਬਜਨਕ ਦਸਤਾਵੇਜ਼ਾਂ ਵਿੱਚ ਤੁਹਾਡੇ ਬੱਚੇ ਦੀ ਜਾਂ ਤੁਹਾਡੇ ਬੱਚੇ ਦੇ ਸਕੂਲ ਦੀ ਪਛਾਣ ਨਹੀਂ ਕੀਤੀ ਜਾਵੇਗੀ।

EDI ਸਵਾਲਨਾਮਿਆਂ ਨੂੰ ਸਹੀ ਤਰੀਕੇ ਨਾਲ ਭਰਨ ਵਿੱਚ ਮਦਦ ਕਰਨ ਲਈ, ਤੁਹਾਡਾ ਸਕੂਲ ਡਿਸਟ੍ਰਿਕਟ ਤੁਹਾਡੇ ਬੱਚੇ ਸਬੰਧਤ ਜਾਣਕਾਰੀ HELP/UBC ਨੂੰ ਦਿੰਦਾ ਹੈ, ਜਿਸ ਵਿੱਚ ਤੁਹਾਡੇ ਬੱਚੇ ਦਾ ਨਾਂ, ਨਿੱਜੀ ਸਿੱਖਿਆ ਨੰਬਰ (PEN), ਜਨਮ ਮਿਤੀ, ਲਿੰਗ, ਡਾਕ ਕੋਡ ਅਤੇ ਇਹ ਤੱਥ ਕਿ ਉਹ ਫ਼ਸਟ ਨੇਸ਼ਨ, ਮੇਟਿਸ ਜਾਂ ਇਨੁਇਟ ਤੋਂ ਹਨ ਜਾਂ ਨਹੀਂ, ਸ਼ਾਮਿਲ ਹੁੰਦੇ ਹਨ। ਵਾਧੂ ਜਾਣਕਾਰੀ, ਜਿਸ ਵਿੱਚ ਬੱਚੇ ਦੀ ਵਿਕਲਾਂਗਤਾ ਜਾਂ ਵੱਖਰੀ ਯੋਗਤਾ, ਅੰਗਰੇਜ਼ੀ ਭਾਸ਼ਾ ਦਾ ਸਿੱਖਿਆਰਥੀ ਹੋਣਾ ਜਾਂ ਫ੍ਰੈਂਚ ਇਮਰਸ਼ਨ ਪ੍ਰੋਗਰਾਮ ਵਿੱਚ ਹੋਣਾ ਸ਼ਾਮਲ ਹਨ, ਨੂੰ ਸਿਰਫ ਖੋਜ ਅਤੇ ਰਿਪੋਰਟ ਕਰਨ ਦੇ ਉਦੇਸ਼ਾਂ ਲਈ ਸਾਂਝਾ ਕੀਤਾ ਜਾਂਦਾ ਹੈ। ਤੁਹਾਡੇ ਬੱਚੇ ਦਾ ਨਾਂ ਸਿਰਫ ਇਸ ਲਈ ਵਰਤਿਆ ਜਾਂਦਾ ਹੈ ਤਾਂ ਜੋ ਉਸਦਾ ਟੀਚਰ ਇਸ ਸਵਾਲਨਾਮੇ ਨੂੰ ਭਰ ਸਕੇ। EDI ਸਵਾਲਨਾਮਾ ਭਰੇ ਜਾਣ ਦੇ ਬਾਅਦ ਨਾਮਾਂ ਨੂੰ EDI ਡੈਟਾ ਵਿੱਚੋਂ ਹਟਾ ਦਿੱਤਾ ਜਾਂਦਾ ਹੈ। ਨਿੱਜੀ ਜਾਣਕਾਰੀ ਨੂੰ EDI ਸਵਾਲਨਾਮੇ ਵਿੱਚ ਦਿੱਤੇ ਗਏ ਟੀਚਰ ਦੇ ਜਵਾਬਾਂ ਤੋਂ ਵੱਖ ਸਟੋਰ ਕੀਤਾ ਜਾਂਦਾ ਹੈ। EDI ਡੈਟਾ ਨੂੰ ਇੱਕ ਸੁਰੱਖਿਅਤ ਵਾਤਾਵਰਨ ਵਿੱਚ ਰੱਖਿਆ ਜਾਂਦਾ ਹੈ।

EDI ਡੈਟਾ ਦੀ ਵਰਤੋਂ ਸਿਰਫ ਮਨਜ਼ੂਰਸ਼ੁਦਾ ਖੋਜ ਅਧਿਐਨ ਪ੍ਰੋਜੈਕਟਾਂ ਲਈ **ਫੈਡਰਲ ਅਤੇ ਸੂਬਾਈ/ਇਲਾਕਾਈ ਨਿਜਤਾ ਕਾਨੂੰਨਾਂ ਹੇਠ** ਕੀਤੀ ਜਾ ਸਕਦੀ ਹੈ। ਖੋਜਕਰਤਾ ਖੋਜ ਅਧਿਐਨ ਜਾਂ ਅੰਕੜਿਆਂ ਦੇ ਉਦੇਸ਼ਾਂ ਲਈ **EDI** ਡੈਟਾ ਦੀ ਵਰਤੋਂ ਦੀ ਇਜਾਜ਼ਤ ਵਾਸਤੇ ਅਰਜ਼ੀ ਦੇ ਸਕਦੇ ਹਨ। ਮਨਜ਼ੂਰਸ਼ੁਦਾ ਖੋਜਕਰਤਾਵਾਂ ਨੂੰ ਅਜਿਹਾ ਡੈਟਾ ਮੁਹੱਈਆ ਕੀਤਾ ਜਾਏਗਾ ਜਿਸ ਨੂੰ ਕਿਸੇ ਵਿਸ਼ੇਸ਼ ਵਿਦਿਆਰਥੀ ਨਾਲ ਨਾ ਜੋੜਿਆ ਜਾ ਸਕੇ।

ਬੱਚਿਆਂ ਦੀ ਖੈਰੀਅਤ, ਸਿਹਤ ਅਤੇ ਸਕੂਲ ਵਿੱਚ ਕਾਮਯਾਬੀ ਉੱਪਰ ਅਸਰ ਪਾਣ ਵਾਲੇ ਕਾਰਕਾਂ ਦਾ ਪਤਾ ਲਾਉਣ ਲਈ ਤੁਹਾਡੇ ਬੱਚੇ ਦੇ EDI ਡੈਟਾ ਨੂੰ ਦੂਜੇ ਡੈਟਾ ਨਾਲ ਜੋੜਿਆ ਜਾ ਸਕਦਾ ਹੈ। ਇਸ ਦੂਜੇ ਡੈਟਾ ਵਿੱਚ ਸਿੱਖਿਆ ਅਤੇ ਸਿਹਤ ਸਬੰਧੀ ਜਾਣਕਾਰੀ ਹੋ ਸਕਦੀ ਹੈ। ਜੁੜੇ ਹੋਏ ਡੈਟਾ ਦੀ **ਵਰਤੋਂ *ਸਿਰਫ* ਇੱਕ ਮਨਜ਼ੂਰਸ਼ੁਦਾ ਖੋਜ ਅਧਿਐਨ ਇਕਰਾਰਨਾਮੇ ਹੇਠ, ਖੋਜ ਅਧਿਐਨ ਜਾਂ ਅੰਕੜਿਆਂ ਦੇ ਉਦੇਸ਼ਾਂ ਲਈ ਜਾਂ ਪ੍ਰੋਗਰਾਮ ਯੋਜਨਾਬੰਦੀ, ਮੁਲਾਂਕਣ ਅਤੇ ਖੋਜ ਦੇ ਉਦੇਸ਼ਾਂ ਲਈ ਜਾਣਕਾਰੀ ਸਾਂਝਾ ਕਰਨ ਦੇ ਇਕਰਾਰਨਾਮੇ ਰਾਹੀਂ ਕੀਤੀ ਜਾ ਸਕਦੀ ਹੈ।**

EDI ਦੇ ਇੱਕ ਲਾਈਸੈਂਸ ਧਾਰਕ ਵਜੋਂ ਮੈਕਮਾਸਟਰ ਯੂਨੀਵਰਸਿਟੀ ਦੇ ਔਫੋਰਡ ਬਾਲ ਅਧਿਐਨ ਕੇਂਦਰ ਨੂੰ ਤੁਹਾਡੇ ਬੱਚੇ ਦੇ EDI ਡੈਟਾ ਦੀ ਕਾਪੀ, ਡਾਕ ਕੋਡ, ਲਿੰਗ ਅਤੇ ਜਨਮ ਦੇ ਮਹੀਨੇ ਦੀ ਜਾਣਕਾਰੀ ਮਿਲਦੀ ਹੈ ਤਾਂ ਜੋ ਕੌਮੀ ਪੱਧਰ 'ਤੇ ਮਨਜ਼ੂਰਸ਼ੁਦਾ ਖੋਜ ਕੀਤੀ ਜਾ ਸਕੇ।

ਪ੍ਰੋਗਰਾਮ ਮੁਲਾਂਕਣ, ਯੋਜਨਾਬੰਦੀ, ਖੋਜ, ਜਾਂ ਅੰਕੜਾ ਉਦੇਸ਼ਾਂ ਲਈ ਤੁਹਾਡੇ ਬੱਚੇ ਦਾ ਡੇਟਾ ਬੀ ਸੀ ਸਰਕਾਰ ਦੇ ਮੰਤਰਾਲਿਆਂ ਅਤੇ ਸਿਹਤ ਅਥਾਰਟੀਆਂ ਨਾਲ ਵੀ ਸਾਂਝਾ ਕੀਤਾ ਜਾਂਦਾ ਹੈ। ਮੰਤਰਾਲਿਆਂ ਅਤੇ ਸਿਹਤ ਅਥਾਰਟੀਆਂ ਨਾਲ ਸਾਂਝੇ ਕੀਤੇ ਗਏ ਡੇਟਾ ਨੂੰ ਦੂਜੇ ਡੇਟਾ ਸੈੱਟਾਂ ਨਾਲ ਜੋੜਿਆ ਜਾ ਸਕਦਾ ਹੈ ਅਤੇ ਉਸਦੇ ਬਾਅਦ ਜਾਣਕਾਰੀ ਸਾਂਝਾਕਰਨ ਸਮਝੌਤੇ ਦੇ ਅਨੁਸਾਰ, ਵਿਸ਼ਲੇਸ਼ਣ ਲਈ ਪਹੁੰਚ ਅਤੇ ਵਰਤੋਂ ਤੋਂ ਪਹਿਲਾਂ ਨਿੱਜੀ ਪਛਾਣ ਨੂੰ ਮਿਟਾ ਦਿੱਤਾ ਜਾਂਦਾ ਹੈ। ਰਿਪੋਰਟ ਸਿਰਫ਼ ਸਮੂਹ ਦੇ ਪੱਧਰ 'ਤੇ ਕੀਤੀ ਜਾ ਸਕਦੀ ਹੈ। ਹੋਰ ਜਾਣਕਾਰੀ ਇਥੇ ਉਪਲਬਧ ਹੈ: https://earlylearning.ubc.ca/about/privacy-and-ethics/ . ਤੁਹਾਡੇ ਬੱਚੇ ਦੇ ਡੈਟਾ ਦੀ ਨਿੱਜਤਾ ਨਾਲ ਜੁੜੇ ਸਵਾਲਾਂ ਲਈ ਕਿਰਪਾ ਕਰਕੇ HELP ਦੇ ਪ੍ਰਾਈਵੇਸੀ ਅਫਸਰ ਨਾਲ ਇਥੇ ਸੰਪਰਕ ਕਰੋ: privacy@help.ubc.ca.

### EDI ਰਿਪੋਰਟਾਂ

ਸਕੂਲ ਰਿਪੋਰਟਾਂ ਸਿੱਧਾ ਸਕੂਲ ਡਿਸਟ੍ਰਿਕਟਾਂ ਅਤੇ ਸਕੂਲਾਂ ਨੂੰ ਮੁਹੱਈਆ ਕੀਤੀਆਂ ਜਾਂਦੀਆਂ ਹਨ ਅਤੇ ਉਹਨਾਂ ਨੂੰ ਜਨਤਕ ਨਹੀਂ ਕੀਤਾ ਜਾਂਦਾ। ਨੀਤੀਆਂ, ਪ੍ਰੋਗਰਾਮਾਂ ਅਤੇ ਬੱਚਿਆਂ ਅਤੇ ਪਰਿਵਾਰਾਂ ਲਈ ਸੇਵਾਵਾਂ ਨੂੰ ਬਿਹਤਰ ਬਣਾਉਣ ਸਬੰਧੀ ਫੈਸਲੇ ਲੈਣ ਵਿੱਚ ਮਦਦ ਕਰਨ ਲਈ HELP ਡੈਟਾ ਦੀਆਂ ਜਨਤਕ ਕਮਿਊਨਿਟੀ ਰਿਪੋਰਟਾਂ ਅਤੇ ਨੇਬਰਹੁਡ ਨਕਸ਼ੇ ਮੁਹੱਈਆ ਕਰਦੀ ਹੈ। ਇਹ ਰਿਪੋਰਟਾਂ ਅਤੇ ਨਕਸ਼ੇ ਇੱਥੇ ਮਿਲ ਸਕਦੇ ਹਨ: https://earlylearning.ubc.ca/reports/ .

### ਮੂਲਵਾਸੀ ਡੈਟਾ ਅਤੇ ਰਿਪੋਰਟਾਂ

HELP ਇਸ ਗੱਲ ਨੂੰ ਮੰਨਦੀ ਹੈ ਅਤੇ ਉਸਦਾ ਸਤਿਕਾਰ ਕਰਦੀ ਹੈ ਕਿ ਫ਼ਸਟ ਨੇਸ਼ਨਜ਼, ਮੇਟੀਸ ਅਤੇ ਇਨੁਈਟ ਪਰਿਵਾਰਾਂ, ਸਮੁਦਾਵਾਂ ਅਤੇ ਸਰਕਾਰਾਂ ਨੂੰ ਆਪਣੇ ਬੱਚਿਆਂ ਦੇ ਇਕੱਠੇ ਕੀਤੇ ਗਏ ਸਾਰੇ ਡੈਟਾ ਤੱਕ ਪਹੁੰਚਣ ਦਾ ਹੱਕ ਹੈ। HELP ਨੇ Aboriginal Steering Committee ਦੇ ਮਾਰਗਦਰਸ਼ਨ ਹੇਠ ਫ਼ਸਟ ਨੇਸ਼ਨਜ਼, ਮੇਟੀਸ ਅਤੇ ਇਨੁਈਟ ਸਰਕਾਰਾਂ ਅਤੇ ਆਦਿਵਾਸੀਆਂ ਦੀ ਅਗਵਾਈ ਵਾਲੀਆਂ ਸੰਸਥਾਵਾਂ ਦੀ ਸਹਾਇਤਾ ਲਈ ਡੈਟਾ ਅਤੇ ਰਿਪੋਰਟਾਂ ਮੁਹੱਈਆ ਕਰਨ ਬਾਰੇ ਮੂਲਵਾਸੀ ਬੱਚਿਆਂ ਲਈ ਇੱਕ ਪ੍ਰੋਟੋਕੋਲ ਸਥਾਪਤ ਕੀਤਾ ਹੈ। ਮੂਲਵਾਸੀ ਲੋਕਾਂ ਦੇ EDI ਡੈਟਾ ਨੂੰ HELP ਸਿਰਫ ਮੂਲਵਾਸੀ ਸਟੀਅਰਿੰਗ ਕਮੇਟੀ ਦੇ ਮਾਰਗਦਰਸ਼ਨ ਅਤੇ ਮੁਖਤਿਆਰੀ ਹੇਠ ਹੀ ਰਿਪੋਰਟ ਕਰਦੀ ਹੈ।

## ਪ੍ਰੋਜੈਕਟ ਦੇ ਬਾਰੇ ਹੋਰ ਜਾਣਕਾਰੀ ਮੈਨੂੰ ਕਿਥੇ ਮਿਲ ਸਕਦੀ ਹੈ?

ਹੋਰ ਜਾਣਕਾਰੀ ਲਈ ਕਿਰਪਾ ਕਰਕੇ HELP ਦੀ ਵੈੱਬਸਾਈਟ www.earlylearning.ubc.ca/edi 'ਤੇ ਜਾਓ। ਜੇ ਤੁਹਾਡੇ ਮਨ ਵਿੱਚ ਕੋਈ ਸਵਾਲ ਜਾਂ ਚਿੰਤਾਵਾਂ ਹਨ ਤਾਂ ਕਿਰਪਾ ਕਰਕੇ ਪ੍ਰੋਜੈਕਟ ਦੀ ਸੰਪਰਕ ਵਿਅਕਤੀ Marit Gilbert ਨਾਲ ਈਮੇਲ ਰਾਹੀਂ edi@help.ubc.ca ਜਾਂ ਫ਼ੋਨ ਰਾਹੀਂ 604-827-5504 'ਤੇ ਜਾਂ ਟੌਲ-ਫ੍ਰੀ 1-888-908-4050 'ਤੇ ਸੰਪਰਕ ਕਰੋ। ਇਸਦੇ ਇਲਾਵਾ ਤੁਸੀਂ ਮੁੱਖ ਪੜਤਾਲ ਕਰਤਾ ਨਾਲ ਹੇਠਾਂ ਦਿੱਤੇ ਈਮੇਲ ਪਤੇ 'ਤੇ ਸੰਪਰਕ ਕਰ ਸਕਦੇ ਹੋ।

ਜੇ ਖੋਜ ਅਧਿਐਨ ਵਿੱਚ ਇੱਕ ਭਾਗੀਦਾਰ ਵਜੋਂ ਤੁਹਾਡੇ ਬੱਚੇ ਦੇ ਹੱਕਾਂ ਬਾਰੇ ਤੁਹਾਨੂੰ ਕੋਈ ਚਿੰਤਾਵਾਂ ਜਾਂ ਸ਼ਿਕਾਇਤਾਂ ਹਨ, ਤਾਂ ਕਿਰਪਾ ਕਰਕੇ University of British Columbia ਦੇ UBC ਖੋਜ ਅਧਿਐਨ ਨੈਤਿਕਤਾ ਦਫਤਰ ਵਿਖੇ *ਖੋਜ-ਅਧਿਐਨ ਭਾਗੀਦਾਰ ਸ਼ਿਕਾਇਤ ਲਾਈਨ* ਨੂੰ 604-822-8598 ਨੰਬਰ 'ਤੇ ਕਾਲ ਕਰੋ, ਜਾਂ ਜੇ ਦੂਰੀ ਲੰਬੀ ਹੈ, RSIL@ors.ubc.ca ਦੇ ਪਤੇ 'ਤੇ ਈਮੇਲ ਭੇਜੋ ਜਾਂ 1-877-822-8598

ਸ਼ੁਭਚਿੰਤਕ,

______________________________
Name, ਸਕੂਲ ਬੋਰਡ EDI ਸੰਪਰਕ ਵਿਅਕਤੀ
Title within School District
ਟੈਲੀਫੋਨ: # ਈਮੇਲ:--------------------

ਡਾ. ਮਾਰਿਆਨਾ ਬਰੂਸੋਨੀ (Dr. Mariana Brussoni)
ਡਾਇਰੈਕਟਰ, Human Early Learning Partnership
University of British Columbia
mbrussoni@bcchr.ubc.ca

✂------------------------------------------------------------------✂------------------------------------------------------------------✂

**ਜੇ ਤੁਸੀਂ ਆਪਣੇ ਬੱਚੇ ਦਾ ਡੈਟਾ ਵਾਪਸ ਲੈਣਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਇਸ ਭਾਗ 'ਤੇ ਦਸਤਖਤ ਕਰੋ ਅਤੇ ਇਸ ਭਾਗ ਨੂੰ ਆਪਣੇ ਬੱਚੇ ਦੇ ਟੀਚਰ ਨੂੰ ਦੇ ਦਿਓ।**

ਜੇ ਤੁਸੀਂ **ਨਹੀਂ** ਚਾਹੁੰਦੇ ਕਿ ਤੁਹਾਡਾ ਬੱਚਾ ਹਿੱਸਾ ਲਵੇ ਤਾਂ ਕਿਰਪਾ ਕਰਕੇ ਇਸ ਫਾਰਮ ਨੂੰ ਕਲਾਸਰੂਮ ਟੀਚਰ ਕੋਲ [ DATE ] ਤੱਕ ਪਹੁੰਚਾ ਦਿਓ।

☐ ਮੈਂ ਇਸ ਗੱਲ ਲਈ ਸਹਿਮਤ **ਨਹੀਂ** ਹਾਂ ਕਿ ਮੇਰਾ ਬੱਚਾ [ਨਾਮ] ______________________________ ਫਰਵਰੀ ਵਿੱਚ ਹੋਣ ਵਾਲੇ Early Development Instrument (EDI) ਸਵਾਲਨਾਮੇ ਵਿੱਚ ਹਿੱਸਾ ਲਵੇ।

ਮਾਤਾ/ਪਿਤਾ/ਨਿਗਰਾਨ ਦਾ ਨਾਂ: _________________________ ਮਿਤੀ: ______________________

ਸਕੂਲ: ______________________________________ ਟੀਚਰ: ______________________